**ਮਿਤੀ 09-12-2022 ਨੂੰ ਦਰਜ ਹੋਏ ਮੁਕੱਦਮੇ**

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:517<br>ਮਿਤੀ:09-12-22<br>ਜੁਰਮ:379,<br>ਆਈ.ਪੀ.ਸੀ. | ਇੰਦਰਜੀਤ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਖੇੜਾ ਗੱਜੂ ਜਿਲਾ ਪਟਿਆਲਾ ਉਮਰ 27 ਸਾਲ<br>88470-39232 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮਿਤੀ 23-11-22 ਨੂੰ ਵਕਤ ਕਰੀਬ 06:00 ਪੀ.ਐਮ ਦਾ ਹੋਵੇਗਾ ਮੈਂ ਆਪਣਾ ਮੋਟਰ ਸਾਈਕਲ ਨੰਬਰੀ ਪੀ.ਬੀ-39ਜੇ-4732 ਮਾਰਕਾ ਪਲੈਟੀਨਾ ਸੈਕ:78 ਮੋਹਾਲੀ ਸਬਜ਼ੀ ਮੰਡੀ ਵਿੱਚ ਖੜਾ ਕਰਕੇ ਆਪਣੇ ਦੋਸਤ ਦੇ ਮੋਟਰ ਸਾਈਕਲ ਤੇ ਸਵਾਰ ਹੋ ਕੇ ਕਿਸੇ ਨਿੱਜੀ ਕੰਮ ਲਈ ਚਲਾ ਗਿਆ ਸੀ। ਜਦੋਂ ਮੈਂ ਕੁੱਝ ਸਮੇਂ ਬਾਅਦ ਵਾਪਿਸ ਆ ਕੇ ਦੇਖਿਆ ਤਾਂ ਮੇਰਾ ਮੋਟਰ ਸਾਈਕਲ ਆਪਣੀ ਜਗਾ ਪਰ ਨਹੀਂ ਸੀ ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈਂ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦਾ ਰਿਹਾ ਜੋ ਨਹੀਂ ਮਿਲਿਆ। ਜਿਸ ਤੇ ਹੁਣ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 2 | ਮੁਕੱਦਮਾ ਨੰ:518<br>ਮਿਤੀ:09-12-22<br>ਜੁਰਮ:419,420,465, 467,468,471, 120ਬੀ, ਆਈ.ਪੀ.ਸੀ. | ਪਰਵਿੰਦਰ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਤੰਗੋਰੀ ਥਾਣਾ ਸੋਹਾਣਾ ਜਿਲਾ ਐਸ.ਏ.ਐਸ ਨਗਰ<br>97819-18329 | 1) ਹਰਜੀਤ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਰਤਨਗੜ ਜਿਲਾ ਅੰਮ੍ਰਿਤਸਰ ਦਿਹਾਤੀ<br>2) ਕਰਨੈਲ ਸਿੰਘ ਪੁੱਤਰ ਹਰੀ ਸਿੰਘ ਵਾਸੀ ਪਿੰਡ ਮਾਨਗੜ੍ਹ ਜਿਲਾ ਫਤਹਿਗੜ੍ਹ ਸਾਹਿਬ<br>3) ਕੁਲਦੀਪ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਮਕਾਨ ਨੰ.336 ਦਸਮੇਸ਼ ਨਗਰ ਸਰਹਿੰਦ ਜਿਲਾ ਫਤਹਿਗੜ੍ਹ ਸਾਹਿਬ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ। ਮੇਰੇ ਪਾਸ ਪਿੰਡ ਤੰਗੋਰੀ ਵਿੱਚ 3-1/2 ਏਕੜ ਜਮੀਨ ਹੈ। ਅੱਜ ਵਕਤ ਕਰੀਬ 03:30 ਪੀ.ਐਮ ਦਾ ਹੋਵੇਗਾ ਕਿ ਮੈਨੂੰ ਪਤਾ ਲੱਗਾ ਉਕਤ ਦੋਸ਼ੀ ਹਰਜੀਤ ਸਿੰਘ ਮੇਰੀ ਜਮੀਨ ਵਿੱਚ ਜਾਅਲੀ ਮਾਲਕ ਬਣ ਕੇ ਅਤੇ ਕਰਨੈਲ ਸਿੰਘ ਅਤੇ ਕੁਲਦੀਪ ਸਿੰਘ ਜਾਅਲੀ ਪ੍ਰਾਪਰਟੀ ਡੀਲਰ ਬਣ ਕੇ ਮੇਰੀ ਜਮੀਨ ਵੇਚ ਰਹੇ ਹਨ। ਜਿਹਨਾਂ ਨੇ ਮਿਤੀ 07-12-22 ਦਾ ਸਾਈਨਾਮਾ ਬਣਾਇਆ ਹੋਇਆ ਹੈ ਅਤੇ ਅੱਜ ਬਿਆਨਾ ਤਿਆਰ ਕਰਵਾ ਰਹੇ ਹਨ। ਦੋਸ਼ੀ ਹਰਜੀਤ ਸਿੰਘ ਨੇ ਮੇਰੇ ਨਾਮ ਦਾ ਜਾਅਲੀ ਅਧਾਰ ਕਾਰਡ ਵੀ ਬਣਵਾਇਆ ਹੋਇਆ ਹੈ। ਜੇਕਰ ਹੁਣੇ ਹੀ ਰੇਡ ਕਰਕੇ ਇਹਨਾਂ ਦੋਸ਼ੀਆਂ ਨੂੰ ਕਾਬੂ ਕੀਤਾ ਜਾਵੇ ਤਾਂ ਸੱਚਾਈ ਸਾਹਮਣੇ ਆ ਜਾਵੇਗੀ। |
| 3 | ਮੁਕੱਦਮਾ ਨੰ:353<br>ਮਿਤੀ:09-12-22<br>ਜੁਰਮ: 21-61-85<br>ਐਨ.ਡੀ.ਪੀ.ਐਸ ਐਕਟ | ਲੇਡੀ/ਐਸ.ਆਈ: ਬਲਜਿੰਦਰ ਕੌਰ ਸੀ.ਆਈ.ਏ.ਸਟਾਫ ਖਰੜ<br>ਜਿਲਾ ਐਸ.ਏ.ਐਸ.ਨਗਰ | 1) ਨਵਦੀਪ ਸਿੰਘ ਉਰਫ ਬਾਵਾ ਪੁੱਤਰ ਅਸ਼ਵਨੀ ਕੁਮਾਰ ਵਾਸੀ ਮਕਾਨ ਨੰ.1335 ਭੰਡਾਰੀਆ ਮੁਹੱਲਾ ਰਾਏਕੋਟ ਜਿਲਾ ਲੁਧਿਆਣਾ<br>2) ਦਿਨੇਸ਼ ਉਰਫ ਰਾਣਾ ਪੁੱਤਰ ਲੇਟ ਹੁਸਨ ਲਾਲ ਵਾਸੀ ਮਕਾਨ ਨੰ.372 ਨੇੜੇ ਕ੍ਰਿਸ਼ਨਾ ਮੰਡੀ ਕੁਰਾਲੀ<br>3) ਤੁਸ਼ਾਰ ਅਰੋੜਾ ਪੁੱਤਰ ਗੁਰਦਰਸ਼ਨ ਕੁਮਾਰ ਵਾਸੀ ਮਕਾਨ ਨੰ.1289 ਮੁਹੱਲਾ ਭੰਡਾਰੀਆ ਰਾਏਕੋਟ ਜਿਲਾ ਲੁਧਿਆਣਾ | ਅੱਜ ਮਨ ਲੇਡੀ/ਐਸ.ਆਈ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਖਰੜ-ਕੁਰਾਲੀ ਸਲਿੱਪ ਰੋਡ ਨੇੜੇ ਨਿਰਵਾਣਾ ਗਰੀਨ ਵੱਲੋਂ ਆ ਰਹੀ ਰੋਡ/ਟੀ-ਪੁਆਇੰਟ ਤੇ ਨਾਕਾਬੰਦੀ ਕਰਕੇ ਵਹੀਕਲਾਂ ਦੀ ਚੈਕਿੰਗ ਕਰ ਰਹੇ ਸੀ ਤਾਂ ਵਕਤ ਕਰੀਬ 07:10 ਪੀ.ਐਮ ਦਾ ਹੋਵੇਗਾ ਤਾਂ ਨਿਰਵਾਣਾ ਗਰੀਨ ਸੁਸਾਇਟੀ ਸਾਈਡ ਤੇ ਇੱਕ ਗੱਡੀ ਨੰਬਰੀ ਐਚ.ਆਰ-31ਜੀ-6869 ਮਾਰਕਾ ਬਲੈਰੋ ਰੰਗ ਚਿੱਟਾ ਆਉਂਦੀ ਦਿਖਾਈ ਦਿੱਤੀ ਜਿਸ ਨੂੰ ਮਨ ਐਸ.ਆਈ ਵੱਲੋਂ ਰੁਕਣ ਦਾ ਇਸ਼ਾਰਾ ਕੀਤਾ ਜਿਸ ਵਿੱਚ ਤਿੰਨ ਨੌਜਵਾਨ ਸਵਾਰ ਸਨ। ਜਿਹਨਾਂ ਦੀ ਸ਼ੱਕ ਦੀ ਬਿਨਾਂਹ ਤੇ ਚੈਕਿੰਗ ਕੀਤੀ ਗਈ ਜਿਹਨਾਂ ਪਾਸੋਂ ਇੱਕ ਇਲੈਕਟ੍ਰੋਨਿਕ ਕੰਡਾ ਅਤੇ **100 ਗ੍ਰਾਮ ਹੈਰੋਇਨ** ਬਰਾਮਦ ਹੋਈ। ਜਿਹਨਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |

| | | | | |
|---|---|---|---|---|
| 4 | ਮੁਕੱਦਮਾ ਨੰ:354<br>ਮਿਤੀ:09-12-22<br>ਜੁਰਮ: 380,454,457,<br>ਆਈ.ਪੀ.ਸੀ. | ਸਪਨਦੀਪ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਮਕਾਨ ਨੰ.1431 ਗਰੀਨ ਵੈਲੀ ਮੁੰਡੀ ਖਰੜ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 28 ਸਾਲ<br>99884-41559 | ਨਾ-ਮਾਲੂਮ ਵਿਅਕਤੀ/ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਖੇ ਬਤੌਰ ਕਲਰਕ ਨੌਕਰੀ ਕਰਦਾ ਹਾਂ। ਮਿਤੀ 06-12-22 ਨੂੰ ਮੇਰੇ ਮਾਤਾ ਪਿਤਾ ਸਾਡੀ ਰਿਸ਼ਤੇਦਾਰੀ ਵਿੱਚ ਜੰਮੂ ਵਿਖੇ ਵਿਆਹ ਗਏ ਹੋਏ ਸੀ ਤੇ ਸਾਡਾ ਮਕਾਨ ਬੰਦ ਪਿਆ ਸੀ। ਅੱਜ ਮਿਤੀ 09-12-22 ਨੂੰ ਮੈਂ ਦਫਤਰ ਤੋਂ ਘਰ ਆਇਆ ਤਾਂ ਸਾਡੇ ਘਰ ਦੇ ਮੇਨ ਦਰਵਾਜੇ ਦਾ ਤਾਲਾ ਟੁੱਟਿਆ ਹੋਇਆ ਸੀ। ਜਦੋਂ ਮੈਂ ਦਰਵਾਜਾ ਖੋਲ ਕੇ ਅੰਦਰ ਦਾਖਲ ਹੋਇਆ ਤਾਂ ਮੇਰੇ ਮਾਤਾ ਪਿਤਾ ਦੇ ਕਮਰੇ ਦੀ ਅਲਮਾਰੀ ਦਾ ਤਾਲਾ ਟੁੱਟਿਆ ਹੋਇਆ ਸੀ ਅਤੇ ਅਲਮਾਰੀ ਵਿੱਚ ਰੱਖ ਸੋਨੇ ਦੇ ਗਹਿਣੇ ਅਤੇ 8000/- ਰੁਪਏ ਨਗਦੀ ਗਾਇਬ ਸੀ। ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ/ਵਿਅਕਤੀਆਂ ਦੁਆਰਾ ਚੋਰੀ ਕਰ ਲਿਆ ਗਿਆ ਹੈ। ਮੈਨੂੰ ਪਤਾ ਲੱਗਾ ਹੈ ਕਿ ਮਿਤੀ 08/09-12-22 ਦੀ ਦਰਮਿਆਨੀ ਰਾਤ ਨੂੰ ਨਿਤਿਨ ਸ਼ਰਮਾ ਵਾਸੀ ਮਕਾਨ ਨੰ.539ਏ ਵਿੱਚ ਨਾ-ਮਾਲੂਮ ਵਿਅਕਤੀਆਂ ਵੱਲੋਂ ਘਰ ਦੀ ਖਿੜਕੀ ਪੁੱਟ ਕੇ ਅੰਦਰ ਦਾਖਲ ਹੋ ਕੇ ਸੋਨੇ ਚਾਂਦੀ ਦੇ ਗਹਿਣੇ ਅਤੇ ਨਗਦੀ ਚੋਰੀ ਕਰ ਲਈ ਹੈ। ਜਿਹਨਾਂ ਖਿਲਾਫ ਹੁਣ ਮੁਕੱਦਮਾ ਦਰਜ ਕਰਵਾਇਆ। |
| 5 | ਮੁਕੱਦਮਾ ਨੰ:355<br>ਮਿਤੀ:09-12-22<br>ਜੁਰਮ:279,337,<br>ਆਈ.ਪੀ.ਸੀ. | ਮਨੋਜ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਮਕਾਨ ਨੰ.09 ਪਿੰਡ ਮਹਿਰੋਂ ਜਿਲਾ ਹਮੀਰਪੁਰ ਹਿਮਾਚਲ ਪ੍ਰਦੇਸ ਹਾਲ ਵਾਸੀ ਮਕਾਨ ਨੰ.54ਸੀ ਸ਼ਿਵਾਲਿਕ ਪਾਮ ਸਿਟੀ ਲਾਂਡਰਾਂ ਰੋਡ ਖਰੜ<br>ਉਮਰ ਕਰੀਬ 38 ਸਾਲ<br>99880-23460 | ਗੱਡੀ ਨੰਬਰੀ ਪੀ.ਬੀ-65ਏ.ਟੀ-2559 ਦਾ ਨਾ-ਮਾਲੂਮ ਡਰਾਈਵਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 08-12-22 ਨੂੰ ਮੈਂ ਅਤੇ ਮੇਰਾ ਚਚੇਰਾ ਭਰਾ ਵਿਨੇ ਸਹਿਜਪਾਲ ਪੁੱਤਰ ਦੇਸਰਾਜ ਅਤੇ ਉਹਨਾਂ ਦੀ ਪਤਨੀ ਰਜਨੀ ਸਹਿਜਪਾਲ ਕਾਰ ਨੰਬਰੀ ਡੀ.ਐਲ-02ਸੀ.ਏ.ਐਮ-5802 ਪਰ ਸਵਾਰ ਹੋ ਕੇ ਮੋਹਾਲੀ ਤੋਂ ਆਪਣੇ ਘਰ ਵਾਪਿਸ ਆ ਰਹੇ ਸੀ ਤਾਂ ਕਾਰ ਮੈਂ ਚਲਾ ਰਿਹਾ ਸੀ। ਵਕਤ ਕਰੀਬ 12:30ਪੀ.ਐਮ ਦਾ ਹੋਵੇਗਾ ਜਦੋਂ ਅਸੀਂ ਸੁਸਾਇਟੀ ਦੇ ਗੇਟ ਪਾਸ ਪੁੱਜੇ ਤਾਂ ਸੁਸਾਇਟੀ ਦੇ ਅੰਦਰੋਂ ਇੱਕ ਕਾਰ ਚਾਲਕ ਆਪਣੀ ਕਾਰ ਨੰਬਰੀ ਪੀ.ਬੀ-65ਏ.ਟੀ-2559 ਮਾਰਕਾ ਸਕਾਰਪੀਓ ਨੂੰ ਬੜੀ ਤੇਜ਼ ਰਫਤਾਰੀ ਤੇ ਅਣਗਹਿਲੀ ਨਾਲ ਚਲਾ ਕੇ ਆਇਆ ਜਿਸ ਨੇ ਆਪਣੀ ਕਾਰ ਦੀ ਟੱਕਰ ਸਿੱਧੀ ਸਾਡੀ ਕਾਰ ਵਿੱਚ ਮਾਰ ਦਿੱਤੀ। ਜਿਸ ਨਾਲ ਸਾਡੀ ਕਾਰ ਦਾ ਕਾਫੀ ਨੁਕਸਾਨ ਹੋਇਆ ਅਤੇ ਮੇਰੀ ਭਰਜਾਈ ਰਜਨੀ ਸਹਿਜਪਾਲ ਦੇ ਮਾਮੂਲੀ ਸੱਟਾਂ ਲੱਗੀਆਂ। ਜਿਸ ਦੇ ਖਿਲਾਫ ਹੁਣ ਮੁਕੱਦਮਾ ਦਰਜ ਕਰਵਾਇਆ। |
| 6 | ਮੁਕੱਦਮਾ ਨੰ: 80<br>ਮਿਤੀ:09-12-22<br>ਜੁਰਮ: 279,304ਏ,<br>ਆਈ.ਪੀ.ਸੀ. | ਕਮਲ ਸਿੰਘ ਪੁੱਤਰ ਨੰਦਨ ਸਿੰਘ ਵਾਸੀ ਫਲੈਟ ਨੰ.1104 ਅਭੀਨਾਓ ਬਾਂਸਲ ਨੇੜੇ ਡੀ-ਮਾਰਟ ਸ਼ੋਰੂਮ ਜ਼ੀਰਕਪੁਰ ਜਿਲਾ ਐਸ.ਏ.ਐਸ.ਨਗਰ<br>78147-54188 | ਨਾ-ਮਾਲੂਮ ਵਹੀਕਲ ਦੇ ਨਾ-ਮਾਲੂਮ ਚਾਲਕ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਅਭੀਨਾਓ ਬਾਂਸਲ ਪਾਸ ਨੌਕਰੀ ਕਰਦਾ ਹਾਂ। ਮੇਰਾ ਛੋਟਾ ਭਰਾ ਮਹਿੰਦਰ ਸਿੰਘ ਬੰਗਾਰੀ ਮਾਲਕ ਸੁਰੇਸ਼ ਸ਼ਰਮਾ ਪਾਸ ਪਿੰਡ ਰਸੂਲਪੁਰ ਥਾਣਾ ਮੁੱਲਾਂਪੁਰ ਅਹਾਤੇ ਤੇ ਨੌਕਰੀ ਕਰਦਾ ਸੀ। ਮਿਤੀ 07-12-22 ਨੂੰ ਮੈਂ ਆਪਣੇ ਭਰਾ ਨੂੰ ਮਿਲਣ ਲਈ ਗਿਆ ਹੋਇਆ ਸੀ। ਅਸੀਂ ਰਾਤ ਵਕਤ ਅਹਾਤੇ ਤੇ ਕੰਮ ਖਤਮ ਕਰਕੇ ਕੁਰਾਲੀ ਜਾਣ ਲਈ ਪੈਦਲ ਬੱਸ ਅੱਡਾ ਬਲਾਕ ਮਾਜਰੀ ਵੱਲ ਨੂੰ ਜਾ ਰਹੇ ਸੀ ਤਾਂ ਵਕਤ ਕਰੀਬ 11:15ਪੀ.ਐਮ ਦਾ ਹੋਵੇਗਾ ਜਦੋਂ ਅਸੀਂ ਪਿੰਡ ਬੂਥਗੜ ਪੁੱਜੇ ਤਾਂ ਪਿੱਛੋਂ ਬੱਦੀ ਸਾਈਡ ਤੋਂ ਇੱਕ ਨਾ-ਮਾਲੂਮ ਵਹੀਕਲ ਬੜੀ ਤੇਜ਼ ਰਫਤਾਰੀ ਨਾਲ ਆਇਆ ਜਿਸ ਦੇ ਨਾ-ਮਾਲੂਮ ਚਾਲਕ ਨੇ ਅਣਗਹਿਲੀ ਨਾਲ ਮੈਨੂੰ ਕਰਾਸ ਕਰਕੇ ਮੇਰੇ ਭਰਾ ਦੀ ਸਾਈਡ ਲਿਜਾ ਕੇ ਉਸਦੇ ਪਿੱਛੇ ਸਿੱਧਾ ਮਾਰਿਆ। ਜਿਸ ਕਾਰਨ ਮੇਰਾ ਭਰਾ ਰੋਡ ਤੇ ਡਿੱਗ ਪਿਆ ਅਤੇ ਕਾਫੀ ਜਿਆਦਾ ਸੱਟਾਂ ਲੱਗੀਆਂ। ਰਾਤ ਦਾ ਸਮਾਂ ਹੋਣ ਕਾਰਨ ਮੈਂ ਉਕਤ ਵਹੀਕਲ ਦਾ ਨੰਬਰ ਨਹੀਂ ਪੜ ਸਕਿਆ। ਜਿਆਦਾ ਸੱਟਾਂ ਲੱਗਣ ਕਾਰਨ ਮੇਰੇ ਭਰਾ ਦੀ ਮੌਕਾ ਤੇ ਹੀ ਮੌਤ ਹੋ ਗਈ। ਬਾਅਦ ਵਿੱਚ ਉਕਤ ਨਾ-ਮਾਲੂਮ ਵਹੀਕਲ ਦੇ ਨਾ-ਮਾਲੂਮ ਚਾਲਕ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 7 | ਮੁਕੱਦਮਾ ਨੰ:132<br>ਮਿਤੀ:09-12-22<br>ਜੁਰਮ:420,467,468, 471,120ਬੀ, ਆਈ.ਪੀ.ਸੀ. | ਅਦਿਤਿਆ ਕਾਂਸਲ ਪੁੱਤਰ ਰਾਕੇਸ਼ ਕੁਮਾਰ ਗੁਪਤਾ ਮਕਾਨ ਨੰ.78 ਸੈਕ:15ਏ ਚੰਡੀਗੜ੍ਹ<br>99880-43802 | 1) ਲੋਕੇਸ਼ ਕੁਮਾਰ ਪੁੱਤਰ ਮੰਗਾ ਰਾਮ ਵਾਸੀ ਮਕਾਨ ਨੰ.591ਏ ਜਨਤਾ ਕਲੋਨੀ ਨਵਾਂ ਗਰਾਓਂ<br>2) ਫਰਜ਼ੀ ਹਰਚਰਨ ਸਿੰਘ ਵਾਸੀ ਨਾ-ਮਾਲੂਮ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 1841/ਪੀ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 27-12-21 ਨੂੰ ਦਿੱਤੀ ਸੀ। ਜਿਸ ਵਿੱਚ ਮੁੱਦਈ ਮੁਕੱਦਮਾ ਨੇ ਦੱਸਿਆ ਕਿ ਮੈਂ ਚੰਡੀਗੜ੍ਹ ਮੋਹਾਲੀ ਵਿੱਚ ਜਮੀਨ ਖਰੀਦਣਾ ਚਾਹੁੰਦਾ ਸੀ। ਮੇਰੀ ਮੁਲਾਕਾਤ ਉਕਤ ਦੋਸ਼ੀ ਲੋਕੇਸ਼ ਕੁਮਾਰ ਨਾਲ ਹੋਈ। ਜਿਸ ਨੇ ਦ/ਕਰਤਾ ਨੂੰ ਹਰਚਰਨ ਸਿੰਘ ਵਾਸੀ ਪਿੰਡ ਤੀੜਾ ਦੀ ਜਮੀਨ ਦਿਖਾਈ ਸੀ ਜਿਸ ਦਾ ਸੌਦਾ 1 ਕਰੋੜ 90ਲੱਖ ਰੁਪਏ ਵਿੱਚ ਤੈਅ ਹੋਇਆ ਸੀ। ਜਿਸ ਦੇ 1ਕਰੋੜ 36 ਲੱਖ ਰੁਪਏ ਦ/ਕਰਤਾ ਨੇ ਵੱਖ ਵੱਖ ਮਿਤੀਆਂ ਨੂੰ ਅਦਾ ਕਰ ਦਿੱਤੇ ਸਨ। ਬਾਅਦ ਵਿੱਚ ਪਤਾ ਲੱਗਾ ਕਿ ਲੋਕੇਸ਼ ਕੁਮਾਰ ਨੇ ਹਰਚਰਨ ਸਿੰਘ ਦੇ ਜਾਅਲੀ ਦਸਤਾਵੇਜ ਬਣਾ ਕੇ ਅਤੇ ਕਿਸੇ ਹੋਰ ਵਿਅਕਤੀ ਨੂੰ ਫਰਜ਼ੀ ਹਰਚਰਨ ਸਿੰਘ ਬਣਾ ਕੇ ਖੜਾ ਕਰਕੇ ਸੋਚੀ ਸਮਝੀ ਸਾਜਿਸ਼ ਤਹਿਤ ਦ/ਕਰਤਾ ਨਾਲ 1 ਕਰੋੜ 36 ਲੱਖ ਰੁਪਏ ਦੀ ਧੋਖਾਧੜੀ ਕੀਤੀ ਹੈ। ਦਰਖਾਸਤ ਦੀ ਪੜਤਾਲ ਉਪ ਕਪਤਾਨ ਪੁਲਿਸ ਪੀ.ਬੀ.ਆਈ ਹਫ ਵੱਲੋਂ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ.ਐਸ.ਪੀ. ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 8 | ਮੁਕੱਦਮਾ ਨੰ:485<br>ਮਿਤੀ:09-12-22<br>ਜੁਰਮ:363,366, 366ਏ, ਆਈ.ਪੀ.ਸੀ. | ਗਫੂਰ ਸ਼ਾਹ ਪੁੱਤਰ ਯਾਦਲੀ ਸ਼ਾਹ ਵਾਸੀ ਪਿੰਡ ਬੁਲਾ ਭਾਈ ਜਿਲਾ ਸੰਭਲ ਯੂ.ਪੀ. ਹਾਲ ਵਾਸੀ ਕਿਰਾਏਦਾਰ ਬਲਵਿੰਦਰ ਸਿੰਘ ਬਾਜੀਗਰ ਬਸਤੀ ਨੇੜੇ ਗੈਸ ਏਜੰਸੀ ਨਗਲਾ ਰੋਡ ਜ਼ੀਰਕਪੁਰ<br>ਜਿਲਾ ਐਸ.ਏ.ਐਸ.ਨਗਰ<br>75368-42165 | ਡੈਨੀ ਵਾਸੀ ਪਿੰਡ ਗੜੀ ਜਿਲਾ ਸੰਭਲ ਯੂ.ਪੀ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਤੇ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹਾਂ। ਮੇਰੇ ਪਾਸ 04 ਬੱਚੇ ਦੋ ਲੜਕੇ ਅਤੇ ਦੋ ਲੜਕੀਆਂ ਹਨ। ਮੇਰੀ ਲੜਕੀ ਸਾਹਿਨ ਉਮਰ ਕਰੀਬ 16 ਸਾਲ ਹੈ ਜੋ ਕਿ ਇਸਕੋਨ ਅਰੀਨਾ ਸੁਸਾਇਟੀ ਵਿੱਚ ਲੋਕਾਂ ਦੇ ਘਰਾਂ ਵਿੱਚ ਨੌਕਰੀ ਕਰਦੀ ਹੈ। ਮਿਤੀ 07-12-22 ਨ ਮੇਰੀ ਲੜਕੀ ਸਾਹਿਨ ਵਕਤ ਕਰੀਬ 09:00ਏ.ਐਮ ਪਰ ਘਰ ਤੋਂ ਕੰਮ ਲਈ ਗਈ ਸੀ ਅਤੇ ਵਕਤ 03:30ਪੀ.ਐਮ ਪਰ ਘਰ ਵਾਪਿਸ ਆ ਗਈ ਸੀ ਜੋ ਕਿ ਕੁੱਝ ਸਮੇਂ ਬਾਅਦ ਘਰੋਂ ਗਾਇਬ ਹੋ ਗਈ। ਜਿਸ ਦੀ ਮੈਂ ਕਾਫੀ ਭਾਲ ਪੜਤਾਲ ਕੀਤੀ ਜਿਸ ਬਾਰੇ ਕੋਈ ਸੁਰਾਗ ਨਾ ਲੱਗਾ। ਮੈਨੂੰ ਹੁਣ ਪਤਾ ਲੱਗਾ ਹੈ ਕਿ ਉਕਤ ਦੋਸ਼ੀ ਮੇਰੀ ਲੜਕੀ ਸਾਹਿਨ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਫੁਸਲਾ ਕੇ ਅਗਵਾ ਕਰਕੇ ਲੈ ਗਿਆ ਹੈ। ਜਿਸ ਖਿਲਾਫ ਮੁਕੱਦਮਾ ਦਰਜ ਕਰਵਾਇਆ। |